ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ
ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫ਼ੋਨ ਨੰ: 0172-5015864, 5015865,
ਫੈਕਸ: 0172-2624687 ਈ-ਮੇਲ perveshssa@gmail.com

**ਯਾਦ-ਪੱਤਰ 1**

ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਪੰਜਾਬ।

ਮੀਮੋ ਨੰ. ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./2012/90562
ਮਿਤੀ ਚੰਡੀਗੜ੍ਹ 18-12-12

**ਵਿਸ਼ਾ: 'ਸੁਣੋ ਸੁਣਾਵਾਂ' ਰੇਡੀਓ ਪ੍ਰੋਗਰਾਮ ਸਾਲ 2012-13 ਮਿਤੀ 20.12.2012 ਤੋਂ ਚਾਲੂ ਹੋਣ ਸਬੰਧੀ।**

**ਹਵਾਲਾ: ਇਸ ਦਫ਼ਤਰ ਦਾ ਪੱਤਰ ਨੰ ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./2012/90368 ਮਿਤੀ 13.12.12**

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2012-13 ਲਈ ਰੇਡੀਓ ਪ੍ਰੋਗਰਾਮ ਮਿਤੀ 20.12.2012 ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਦਾ ਸਮਾਂ ਬਾਅਦ ਦੁਪਹਿਰ 2:30 ਤੋਂ 2:50 ਵਜੇ ਤੱਕ ਹੋਵੇਗਾ। ਇਹ ਪ੍ਰੋਗਰਾਮ ਜਮਾਤ ਅਨੁਸਾਰ ਪ੍ਰਸਾਰਿਤ ਕੀਤਾ ਜਾਣਾ ਹੈ। ਇਹ ਪ੍ਰੋਗਰਾਮ ਪ੍ਰਸਾਰ ਭਾਰਤੀ ਆਲ ਇੰਡੀਆ ਰੇਡੀਓ ਜਲੰਧਰ ਰਾਹੀਂ ਹੇਠ ਲਿਖੇ ਚਾਰ ਸਟੇਸ਼ਨਾਂ ਤੋਂ ਪ੍ਰਸਾਰਿਤ ਕੀਤਾ ਜਾਵੇਗਾ:-

2.1 ਰੀਜ਼ਨਲ ਚੈਨਲ ਐਫ.ਐਮ. ਜਲੰਧਰ

2.2 ਐਫ.ਐਮ. ਰੇਨਬੋ ਸਟੇਸ਼ਨ ਜਲੰਧਰ

2.3 ਲੋਕਲ ਰੇਡੀਓ ਸਟੇਸ਼ਨ ਬਠਿੰਡਾ

2.4 ਲੋਕਲ ਰੇਡੀਓ ਸਟੇਸ਼ਨ ਪਟਿਆਲਾ

3.0 ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਸਾਰੇ ਸਕੂਲਾਂ ਦੇ ਰੇਡੀਓ ਠੀਕ ਕੰਮ ਕਰਦੇ ਹੋਣ ਤਾਂ ਜੋ ਪ੍ਰੋਗਰਾਮ ਨੂੰ ਸੁਣਨ ਵਿੱਚ ਬੱਚਿਆਂ ਨੂੰ ਕੋਈ ਸਮੱਸਿਆ ਨਾ ਆਵੇ।

4.0 ਰੇਡੀਓ ਪ੍ਰੋਗਰਾਮ ਦਾ ਮਿਤੀਵਾਰ ਸ਼ਡਿਊਲ ਜੋ ਕਿ ਇਸ ਪੱਤਰ ਨਾਲ ਨੱਥੀ ਕਰਕੇ ਭੇਜਿਆ ਜਾ ਰਿਹਾ ਹੈ, ਨੂੰ ਵੀ ਹਰ ਸਕੂਲ ਅੰਦਰ ਤੁਰੰਤ ਪਹੁੰਚਦਾ ਕਰਨਾ ਆਪ ਜੀ ਦੀ ਜ਼ਿੰਮੇਵਾਰੀ ਹੋਵੇਗੀ।

5.0 ਸਮੂਹ ਡੀ.ਆਰ.ਪੀ./ਬੀ.ਆਰ.ਪੀ. ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸਾਹਿਬਾਨ ਸਕੂਲਾਂ ਅੰਦਰ ਵਿਜ਼ਟ ਦੌਰਾਨ ਬਕਾਇਦਾ ਰੇਡੀਓ ਦੇ ਚਾਲੂ ਹਾਲਤ ਵਿੱਚ ਹੋਣ ਅਤੇ ਰੇਡੀਓ ਪ੍ਰੋਗਰਾਮਾਂ ਦੇ ਪ੍ਰਸਾਰਣ ਸਬੰਧੀ ਸਕੂਲ ਵਿੱਚ ਪਹੁੰਚੇ ਸ਼ਡਿਊਲ ਦੀ ਸਕੂਲ ਮੁਖੀ ਨਾਲ ਗੱਲਬਾਤ ਕਰਨਗੇ।

6.0 ਰੇਡੀਓ ਪ੍ਰੋਗਰਾਮ ਨੂੰ ਮਾਨੀਟਰ ਕਰਕੇ ਇਸ ਦੀ ਰਿਪੋਰਟ ਵੀ ਮੁੱਖ ਦਫ਼ਤਰ ਨੂੰ ਭੇਜੀ ਜਾਵੇ।

7.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਪਿੱਠਅੰਕਣ ਨੰ: ਉਕਤ/** 90563 **ਮਿਤੀ:** 18-12-12

ਉਤਾਰਾ (1) ਸਮੂਹ ਪ੍ਰਾਇਮਰੀ ਸਕੂਲ ਮੁਖੀ (ਵੈਬਸਾਈਟ ਰਾਹੀਂ)।

(2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਪੰਜਾਬ (ਵੈਬਸਾਈਟ ਰਾਹੀਂ)।

(3) ਸਮੂਹ ਡੀ.ਆਰ.ਪੀ./ਬੀ.ਆਰ.ਪੀ.।

(4) ਡੀ.ਐਮ. (ਐਮ.ਆਈ.ਐਸ.) (ਵੈਬਸਾਈਟ ਤੇ ਪਾਉਣ ਲਈ)।

**ਨੱਥੀ: ਪ੍ਰੋਗਰਾਮ ਸ਼ਡਿਊਲ**

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

| ਸ਼ਡਿਊਲ ਰੇਡਿਓ ਪ੍ਰੋਗਰਾਮ-ਸਾਲ 2012-13 | | | | | |
|---|---|---|---|---|---|
| ਮਿਤੀ 20-12-2012 ਤੋਂ 22-12-2012 ਤੱਕ | | | | | |
| ਲੜੀ ਨੰ | ਮਿਤੀ | ਦਿਨ | ਜਮਾਤ | ਵਿਸ਼ਾ | ਪ੍ਰੋਗਰਾਮ ਦਾ ਨਾਂ |
| 1 | 20.12.12 | ਵੀਰਵਾਰ | ਪੰਜਵੀਂ | ਪੰਜਾਬੀ | ਇੱਕ ਮੁਲਾਕਾਤ ਕਲਪਨਾ ਚਾਵਲਾ ਨਾਲ |
| 2 | 21.12.12 | ਸ਼ੁੱਕਰਵਾਰ | ਤੀਜੀ/ਚੌਥੀ/ਪੰਜਵੀਂ | ਵਿਰਸਾ ਤੇ ਵਿਰਾਸਤ | ਖੇਡਣ ਦੇ ਦਿਨ ਚਾਰ |
| 3 | 22.12.12 | ਸ਼ਨਿੱਚਰਵਾਰ | ਚੌਥੀ/ਪੰਜਵੀਂ | ਵਾਤਾਵਰਣ | ਸਾਡੇ ਸਰੀਰ ਦੇ ਅੰਦਰੂਨੀ ਅੰਗ |